ਪੰਜ ਕਲੀਆਂ

(ਕਹਾਣੀਆਂ) ਪੰਜ ਕਲੀਆਂ

6-65

– ਕਰਤਾ –

ਗਿਆਨ ਕੌਰ 'ਨਿਰਮਾਨ'

(Vice Principal)

ਲਾਹੌਰ ਗਿਆਨੀ ਕਾਲਜ

ਲਾਹੌਰ

ਃ ਪ੍ਰਕਾਸ਼ਕ ਃ

ਸਰਦਾਰ – ਬੁਕ – ਸ਼ਾਪ

੪੦, ਨਿਸਬਤ ਰੋਡ,

ਲਾਹੌਰ

(ਸਭ ਹੱਕ ਰਾਖਵੇਂ ਹਨ)

ਪ੍ਰਕਾਸ਼ਕ : ਸਰਦਾਰ ਸਿੰਘ 'ਸਰ'
ਪ੍ਰੋਪ੍ਰਾਈਟਰ ਸਰਦਾਰ ਬੁਕ ਸ਼ਾਪ,
੪੭ ਨਿਸਬਤ ਰੋਡ, ਲਾਹੌਰ.

ਉ.੨
ਨ ੭੨ ਪੰ
31490

ਮੁੱਲ ੧-੮-੦

ਪ੍ਰਿੰਟਰ : ਪੰ: ਧਰਮ ਚੰਦ ਭਾਰਗੋ, ਬੀ.ਐਸ-ਸੀ.
ਅੰਮ੍ਰਿਤ ਇਲੈਕਟ੍ਰਿਕ ਪ੍ਰੈਸ,
ਰੇਲਵੇ ਰੋਡ, ਲਾਹੌਰ.

ਭੂਮਿਕਾ

ਮੇਰੀਆਂ ਇਹ ਪੰਜ ਕਲੀਆਂ ਚਿਰਾਂ ਦੀਆਂ ਸਹਿਕ ਰਹੀਆਂ ਸਨ ਕਿ ਇਨ੍ਹਾਂ ਨੂੰ ਪ੍ਰੈਸ ਦੀ ਛੋਹ ਨਾਲ ਸੁਰਜੀਤ ਕੀਤਾ ਜਾਏ। ਇਨ੍ਹਾਂ ਸਈਆਂ ਨੂੰ ਮੈਂ ਬੜਾ ਪਿਆਰ ਕੀਤਾ ਹੈ। ਇਨ੍ਹਾਂ ਲਡਿਕੀਆਂ ਨੂੰ ਮੈਂ ਬੜਾ ਪਿਆਰ ਕੀਤਾ ਏ। ਕਿੰਨਾ ਈ ਚਿਰ ਇਹ ਮੇਰੇ ਕੋਲ ਖੇਡਦੀਆਂ ਰਹੀਆਂ ਨੇ। ਦਿਲ ਇਨ੍ਹਾਂ ਦਾ ਕੋਮਲ ਤੇ ਛੋਟਾ ਏ। ਦੁਨੀਆਂ ਮੰਡਲ ਦੀ ਸੈਰ ਨੂੰ ਇਨ੍ਹਾਂ ਦਾ ਜੀਅ ਕਈ ਵਾਰੀ ਲਲਚਾਇਆ ਏ, ਪਰ ਵਸਦੀ ਅਗ ਤੇ ਬੰਬਾਂ ਦੀ ਅਵਾਜ਼ ਨਾਲ ਹੁਣ ਤਕ ਵਿਚਾਰੀਆਂ ਸਹਿਮੀਆਂ ਰਹੀਆਂ ਨੇ। ਸ਼ੁਕਰ ਕੀਤਾ ਏ, ਲੜਾਈ ਹੱਟੀ ਏ, ਕੁਝ ਸਹਿਮ ਦੂਰ ਹੋ ਗਿਆ ਨੇ। ਬਜ਼ਾਰ ਯਾਤਰਾ ਲਈ ਤੁਰ ਪਈਆਂ ਨੇ। ਵੇਖੋ! ਹੋਰ ਵੀ ਕੋਈ ਇਨ੍ਹਾਂ ਤੇ ਰੀਝਦਾ ਏ ਕਿ ਨਹੀਂ? ਮੈਨੂੰ ਇਹ ਵੇਖਣ ਦੀ ਵੱਡੀ ਚਾਹ ਏ, ਪਈ ਇਹ ਸਈਆਂ ਘਰ ਕੀ ਲੈ ਕੇ ਮੁੜਦੀਆਂ ਨੇ?

ਹੋ ਸਕਦਾ ਏ ਕਿ ਬਜ਼ਾਰ ਵਿਚ ਜਾਣ ਲਈ ਇਹ ਐਵੇਂ ਹੀ ਉਤਾਵਲੀਆਂ ਹੋ ਰਹੀਆਂ ਹੋਣ ਤੇ ਸ਼ਾਇਦ ਕੋਈ ਵੀ ਇਨ੍ਹਾਂ ਨੂੰ ਆਪਣੀ ਪ੍ਰਸੰਸਾ ਦੀ ਦੇਰ ਨਾ ਪਾਵੇ? ਇਹ ਵੀ ਕੋਈ ਵੱਡੀ ਗੱਲ ਨਹੀਂ ਕਿ ਝਾੜਾਂ ਖਾਂਦਿਆਂ ਹੀ ਘਰ ਮੁੜਨਾ ਜਾਂ ਟੀਕਾ ਟਿਪਣੀਆਂ ਦੀ ਨੋਕ ਤੇ ਹੀ ਟੰਗੀਆਂ ਜਾਣ। ਮੈਨੂੰ ਇਨ੍ਹਾਂ ਗੱਲਾਂ ਦੀ ਉਕਾ ਹੀ ਪਰਵਾਹ ਨਹੀਂ, ਕਿਉਂਕਿ ਇਹ ਲਾਡਾਂ ਪਾਲੀਆਂ ਮੇਰੀਆਂ ਅੰਦਰ ਦੀਆਂ ਦੇਰ ਦੀਆਂ ਹਵਾੜਾਂ ਹਨ, ਜਿਹੜੀਆਂ ਅਜੇ ਤਕ ਮੈਨੂੰ ਆਪਣੀ ਸਧਰਾਂ ਦੀ ਟਹਿਣੀ ਨਾਲ ਝੂੰਮਦੀਆਂ ਪ੍ਰਤੀਤ ਹੁੰਦੀਆਂ ਨੇ। ਜੇ ਮੁੜ

ਵੀ ਆਈਆਂ, ਤਾਂ ਵੀ ਬੜੇ ਮਾਨ ਨਾਲ ਮੈਂ ਆਪਣੇ ਗਲ ਲਾ ਲਾਂਗੀ।

ਜੇਕਰ ਸਹੁਰਿਆਂ ਨੇ ਮੇਰੀ ਧੀ ਰਾਣੀ ਦਾ ਨਿਰਾਦਰ ਵੀ ਕੀਤਾ ਤਾਂ ਪੇਕਿਆਂ ਦੇ ਦਰਵਾਜ਼ੇ ਇਨ੍ਹਾਂ ਲਈ ਸਦਾ ਖੁਲ੍ਹੇ ਹਨ। ਮੈਂ ਨਿਸਚੇ ਨਾਲ ਇਹ ਗਲ ਆਖਦੀ ਹਾਂ ਕਿ ਇਨ੍ਹਾਂ ਨਾਲ ਉਨਾ ਚਿਰ, ਉਨਾ ਹੀ ਪਿਆਰ ਹੁੰਦਾ ਜਾਏਗਾ, ਜਿੰਨਾ ਚਿਰ ਇਹ ਕਲੀਆਂ ਫੁਲ ਨ ਬਣ ਜਾਣ।

ਮੇਰਾ ਵਿਸ਼ਵਾਸ਼ ਏ ਪਈ ਮੇਰੇ 'ਘੁੰਡ' ਤੇ 'ਚਾਰ ਸੌ ਵੀਹ' ਬਾਬਤ ਲੋਕਾਂ ਦੀਆਂ ਵੱਖ ਵੱਖ ਰਾਵਾਂ ਹੋਣਗੀਆਂ। ਉਨ੍ਹਾਂ ਵਿਦਵਾਨਾਂ ਦੀ ਮੈਂ ਸਚੇ ਦਿਲੋਂ ਰਿਣੀ ਹਾਂ, ਜਿਨ੍ਹਾਂ ਕਹਾਣੀਆਂ ਦੇ ਪਲਾਟ ਨੂੰ ਮੋੜ ਤੋੜ ਕੇ ਕਿਸੇ ਹੋਰ ਪਾਸੇ ਲੈ ਜਾਣ ਦੀ ਸਲਾਹ ਦਿਤੀ ਸੀ, ਪਰ ਇਹ ਮੇਰੀਆਂ ਅੱਖੀਂ ਵੇਖੀਆਂ ਘਟਨਾਵਾਂ ਹਨ; ਇਸ ਲਈ ਸਚਾਈ ਨੂੰ ਛੱਡ ਕੇ ਮੈਂ ਕਿਸੇ ਹੋਰ ਪਾਸੇ ਨਹੀਂ ਹੋ ਸਕੀ, ਖਿਮਾਂ ਮੰਗਦੀ ਹਾਂ।

ਇਸ ਪੁਸਤਕ ਦੀ ਹਿੰਦੀ ਐਡੀਸ਼ਨ ਪੰਜਾਬ ਯੂਨੀਵਰਸਟੀ ਵਿਚ ਛਪੀ ਜਾ ਚੁਕੀ ਏ, ਜਿਸ ਦੇ ਤਿਆਰ ਕਰਵਾਉਣ ਵਿਚ ਵੀਰ ਜਗਦੀਸ਼ ਤੇ ਮਾਸਟਰ ਚਰਨ ਸਿੰਘ ਨੇ ਬੜੀ ਸਹਾਇਤਾ ਕੀਤੀ ਏ। ਮੈਨੂੰ ਮਾਨ ਏ ਪਈ ਉਨ੍ਹਾਂ ਪੰਜਾਬੀ ਪਿਆਰਿਆਂ ਨੇ ਨਿਰਾ ਮੇਰਾ ਹੀ ਹੱਥ ਨਹੀਂ ਵਟਾਇਆ ਸਗੋਂ ਆਪਣੀ ਪੰਜਾਬੀ ਮਾਤਾ ਦੀਆਂ ਅਸੀਸਾਂ ਵੀ ਲਈਆਂ ਹਨ। ਮੈਂ ਉਨ੍ਹਾਂ ਦਾ ਸਚੇ ਦਿਲੋਂ ਧੰਨਵਾਦ ਕਰਦੀ ਹਾਂ ਤੇ ਮੇਰੀ ਅਰਦਾਸ ਏ ਕਿ ਰਬ ਮੇਰ ਇਨ੍ਹਾਂ ਨੌਜਵਾਨ ਵੀਰਾਂ ਨੂੰ ਆਪਣੀ ਪੰਜਾਬੀ ਰਾਣੀ ਦੇ ਚਰਨ ਪੂਜਣ ਦੀ ਸਦਾ ਸਮਰਥਾ ਬਖਸ਼ੇ।

ਲਾਹੌਰ ਗਿਆਨੀ ਕਾਲਜ,
ਲਾਹੌਰ
੨੫. ੮. ੪੫.
25.8.45

ਆਪਣੀਆਂ ਕਲੀਆਂ ਦਾ ਫੁਲ
ਬਣਿਆ ਵੇਖਣ ਦੀ ਚਾਹਵਾਨ :
ਗਿਆਨ ਕੌਰ
'ਨਿਰਮਾਨ'

ਭੇਟਾ

ਉਨ੍ਹਾਂ ਅੱਖਾਂ ਵਾਲਿਆਂ ਵੀਰਾਂ ਦੀ ਸੇਵਾ ਵਿਚ, ਜਿਨ੍ਹਾਂ ਦੀਆਂ
ਅੱਖਾਂ ਵਿਚ ਪੰਜਾਬੀ ਮਾਤਾ ਦਾ ਨੂਰ ਏ ਤੇ ਜਿਹੜੇ
ਇਸ ਨੂਰੀ ਬਖਸ਼ਸ਼ ਦੁਆਰਾ ਸਦਾ ਪੰਜਾਬੀ
ਮਾਤਾ ਦੀ ਸੇਵਾ ਲਈ ਖ਼ੁਸ਼ੀ ਦੇ
ਕਦਮ ਚੁਕੀ ਰਖਦੇ
ਹਨ।

'ਨਿਰਮਾਨ'

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.